

# ਫੋਸਟਰ ਕੇਅਰ ਅਲੂਮਨੀ ਲਈ Apple Health ਕਵਰੇਜ

| | | |
|---|---|---|
| **ਕੀ ਤੁਸੀ ਵਾੱਸ਼ਿੰਗਟਨ ਸਟੇਟ ਵਿੱਚ ਰਹਿੰਦੇ ਹੋ?** | **ਕੀ ਤੁਹਾਡੀ ਉਮਰ 18-26 ਸਾਲ ਦੇ ਵਿਚਕਾਰ ਹੈ?** | **ਕੀ ਤੁਸੀ 18 ਸਾਲ ਦੀ ਉਮਰ ਵਿੱਚ ਫੋਸਟਰ ਕੇਅਰ ਵਿੱਚ ਸੀ?** |

**ਜੇਕਰ ਤਿੰਨਾਂ ਵਾਸਤੇ ਤੁਹਾਡਾ ਜਵਾਬ "ਹਾਂ" ਹੈ, ਤਾਂ ਤੁਸੀ ਫੋਸਟਰ ਕੇਅਰ ਅਲੂਮਨੀ ਲਈ ਮੁਫ਼ਤ Apple Health (Medicaid) ਕਵਰੇਜ ਵਾਸਤੇ ਯੋਗ ਹੋ ਸਕਦੇ ਹੋ!**

## ਫੋਸਟਰ ਕੇਅਰ ਅਲੂਮਨੀ ਲਈ Apple Health ਕੀ ਹੈ?

ਫੋਸਟਰ ਕੇਅਰ ਐਲੂਮਨੀ ਲਈ Apple Health ਤੁਹਾਡੀ ਮਾਨਸਿਕ, ਸਰੀਰਕ, ਅਤੇ ਭਾਵਨਾਤਮਕ ਤੰਦਰੁਸਤੀ ਵਿੱਚ ਮਦਦ ਵਾਸਤੇ ਸੇਵਾਵਾਂ ਪਰ੍ਦਾਨ ਕਰਦਾ ਹੈ। ਐਲੂਮਨੀ ਜਵਾਨ ਲੋਕੀ ਆਪਣੀ ਪਰ੍ਬੰਧਿਤ ਦੇਖਭਾਲ ਯੋਜਨਾ ਦੇ ਰੂਪ ਵਿੱਚ ਵਾਸ਼ਿੰਗਟਨ ਦੀ ਕੋਆਰਡੀਨੇਟਡ ਕੇਅਰ ਵਿੱਚ ਪੰਜੀਕਰਣ ਕਰਨ ਜਾਂ ਕਿਸੇ ਪਰ੍ਬੰਧਿਤ ਦੇਖਭਾਲ ਯੋਜਨਾ ਤੋਂ ਬਿਨਾਂ Apple Health ਕਵਰੇਜ (ਸੇਵਾ ਲਈ ਫੀਸ ਵਜੋਂ ਵੀ ਜਾਣਿਆ ਜਾਂਦਾ ਹੈ) ਦੇ ਵਿਚਕਾਰ ਚੋਣ ਕਰ ਸਕਦੇ ਹਨ।

## ਕੀ ਮੈਨੂੰ ਕਵਰੇਜ ਲਈ ਅਪਲਾਈ ਕਰਨ ਦੀ ਲੋੜ ਹੈ?

- ਜੇਕਰ ਤੁਸੀ ਵਾੱਸ਼ਿੰਗਟਨ ਸਟੇਟ ਵਿੱਚ 18 ਸਾਲ ਦੀ ਉਮਰ ਵਿੱਚ ਫੋਸਟਰ ਕੇਅਰ ਵਿੱਚ ਸੀ, ਤਾਂ ਤੁਹਾਨੂੰ ਕੋਈ ਵੀ ਕਾਰਵਾਈ ਕਰਨ ਦੀ ਲੋੜ ਨਹੀ ਹੈ। ਤੁਸੀ Apple Health ਕਵਰੇਜ ਵਿੱਚ ਪੰਜੀਕਰ੍ਤ ਹੋਵੋਗੇ ਅਤੇ **Washington Healthplanfinder** ਦੇ ਰਾਹੀ **ਆਪਣੀ ਕਵਰੇਜ ਦਾ ਪਰ੍ਬੰਧਨ ਕਰ ਸਕਦੇ ਹੋ।**
- ਜੇਕਰ ਤੁਸੀ ਵਾੱਸ਼ਿੰਗਟਨ ਸਟੇਟ ਤੋਂ ਬਾਹਰ 18 ਸਾਲ ਦੀ ਉਮਰ ਵਿੱਚ ਫੋਸਟਰ ਕੇਅਰ ਵਿੱਚ ਸੀ, ਤਾਂ ਤੁਸੀ **Washington Healthplanfinder ਦੇ ਰਾਹੀ ਅਲੂਮਨੀ ਕਵਰੇਜ ਲਈ ਅਪਲਾਈ ਕਰ ਸਕਦੇ ਹੋ।**

## ਮੈਂ ਕਵਰੇਜ ਲਈ ਕਿਵੇਂ ਅਪਲਾਈ ਕਰਾਂ?

ਜੇਕਰ ਤੁਸੀ Apple Health ਕਵਰੇਜ ਵਿੱਚ ਪੰਜੀਕਰ੍ਤ ਨਹੀ ਹੋ ਤਾਂ ਤੁਹਾਡੇ ਕੋਲ ਅਪਲਾਈ ਕਰਨ ਵਾਸਤੇ ਕਈ ਵਿਕਲਪ ਮੌਜੂਦ ਹਨ:

- **ਔਨਲਾਈਨ: wahealthplanfinder.org** 'ਤੇ ਜਾਓ - "ਹੁਣੇ ਅਪਲਾਈ ਕਰੋ" ਬਟਨ ਦੀ ਚੋਣ ਕਰੋ।
- **ਮੋਬਾਈਲ ਐਪ: WAPlanfinder** ਐਪ ਡਾਉਨਲੋਡ ਕਰੋ.
- **ਫੋਨ:** Washington Healthplanfinder (ਵਾੱਸ਼ਿੰਗਟਨ ਹੈਲਥਪਲਾਨਫ਼ਾਈਡਰ) ਨੂੰ 1-855-923-4633 'ਤੇ ਕਾੱਲ ਕਰੋ।
- **ਦਸਤਾਵੇਜ਼:** ਐਪਲੀਕੇਸ਼ਨ ਨੂੰ **hca.wa.gov/health-care-application** ਤੋਂ ਡਾਉਨਲੋਡ ਕਰੋ।

**ਵਿਅਕਤੀਗਤ ਤੌਰ ਤੇ:** ਸਥਾਨਕ ਸਹਾਇਕ ਜੋ ਬਿਨਾਂ ਕਿਸੇ ਵਾਧੂ ਕੀਮਤ ਤੇ ਹੈਲਥ ਕਵਰੇਜ ਲਈ ਅਪਲਾਈ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ

- **wahealthplanfinder.org** 'ਤੇ ਗਾਹਕ **ਸਹਾਇਤਾ ਲਿੰਕ ਦੇ ਰਾਹੀ ਨੇਵੀਗੇਟਰ ਦਾ ਪਤਾ ਲਾਓ।**

ਯਕੀਨੀ ਬਣਾਓ ਕਿ ਤੁਹਾਡਾ ਸੋਸ਼ਲ ਸਿਕਿਉਰਿਟੀ ਨੰਬਰ ਉਪਲਬਧ ਹੈ ਅਤੇ ਅਪਲੀਕੇਸ਼ਨ ਵਿੱਚ ਫੋਸਟਰ ਕੇਅਰ ਸਵਾਲਾਂ ਦੇ ਜਵਾਬ ਦਿੱਤੇ ਗਏ ਹਨ।

Washington Apple Health

Washington State Health Care Authority

## ਲਾਭ ਅਤੇ ਸੇਵਾਵਾਂ

ਫੋਸਟਰ ਕੇਅਰ ਅਲੂਮਨੀ ਲਈ Apple Health ਸਰੀਰਕ ਅਤੇ ਵਿਵਹਾਰ ਸਬੰਧੀ ਸਿਹਤ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਸ ਵਿੱਚ ਮਾਨਸਿਕ ਸਿਹਤ ਅਤੇ ਪਦਾਰਥਾਂ ਦੀ ਵਰਤੋਂ ਸਬੰਧੀ ਵਿਕਾਰ ਦੇ ਇਲਾਜ ਦੀ ਸੇਵਾਵਾਂ ਵੀ ਸ਼ਾਮਲ ਹਨ। ਲਾਭਾਂ ਵਿੱਚ ਦੰਦਾਂ ਦੀ ਦੇਖਭਾਲ, ਰੋਕਥਾਮ ਅਤੇ ਤੰਦਰੁਸਤੀ ਸੇਵਾਵਾਂ ਲਈ ਡਾਕਟਰ ਦੇ ਦੌਰੇ, ਪੁਰਾਣੀ ਬਿਮਾਰੀ ਦਾ ਪ੍ਰਬੰਧਨ, ਐਮਰਜੈਂਸੀ ਮੈਡੀਕਲ ਦੇਖਭਾਲ, ਪ੍ਰਯੋਗਸ਼ਾਲਾ ਸੇਵਾਵਾਂ, ਨੁਸਖ਼ੇ ਵਾਲੀ ਦਵਾਵਾਂ, ਹਸਪਤਾਲ ਵਿੱਚ ਭਰਤੀ ਹੋਣਾ, ਐਂਬੂਲੇਟਰੀ ਮਰੀਜ਼ ਸੇਵਾਵਾਂ, ਜਣੇਪਾ ਦੇਖਭਾਲ, ਅਤੇ Apple Health ਦੁਆਰਾ ਕਵਰ ਕੀਤੀਆਂ ਗਈਆਂ ਹੋਰ ਸੇਵਾਵਾਂ ਸ਼ਾਮਲ ਹਨ।

ਕਵਰ ਕੀਤੀਆਂ ਸੇਵਾਵਾਂ ਬਾਰੇ **hca.wa.gov/apple-health-services** 'ਤੇ ਹੋਰ ਜਾਣੋ।

## ਕੀ ਤੁਸੀ ਵਾੱਸ਼ਿੰਗਟਨ ਤੋਂ ਬਾਹਰ ਜਾ ਰਹੇ ਹੋ ਜਾਂ ਤੁਸੀ ਪਹਿਲਾਂ ਹੀ ਕਿਸੇ ਹੋਰ ਸਟੇਟ ਵਿੱਚ ਚਲੇ ਗਏ ਹੋ?

ਜੇਕਰ ਤੁਸੀ ਵਰਤਮਾਨ ਵਿੱਚ ਇੱਥੇ ਰਹਿ ਰਹੇ ਹੋ, ਜਾਂ ਕਿਸੇ ਹੋਰ ਸਟੇਟ ਵਿੱਚ ਜਾਣ ਦੀ ਯੋਜਨਾ ਬਣਾ ਰਹੇ ਹੋ ਅਤੇ Medicaid ਲਾਭਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਸੀ ਇਸਨੂੰ ਵੇਖ ਸਕਦੇ ਹੋ: **medicaid.gov/about-us/beneficiary-resources/index.html#when2contactstate**

# ਜਿਆਦਾ ਜਾਣਕਾਰੀ

## ਸਰੋਤ

- **ਔਨਲਾਈਨ: hca.wa.gov/foster-care**

## ਸਾਡੇ ਨਾਲ ਸੰਪਰਕ ਕਰੋ

- **ਈਮੇਲ:** fcas@hca.wa.gov
- **ਫੋਨ:** 1-800-562-3022 (ਐਕਸਟੈਂਸ਼ਨ 15480)
- **ਫ਼ੈਕਸ:** 360-725-1158



ਜੇਕਰ ਤੁਹਾਨੂੰ ਰਿਹਾਇਸ਼ ਦੀ ਲੋੜ ਹੈ ਜਾਂ ਦਸਤਾਵੇਜ਼ ਕਿਸੇ ਹੋਰ ਰੂਪ ਜਾਂ ਭਾਸ਼ਾ ਵਿੱਚ ਚਾਹੀਦੇ ਹਨ, ਤਾਂ ਕਿਰਪਾ ਕਰਕੇ 1-800-562-3022 (TRS: 711) 'ਤੇ ਕਾੱਲ ਕਰੋ।